www.a2zSubjects.com

Signature and Name of Invigilator

1. (Signature) ____________________

   (Name) ____________________

2. (Signature) ____________________

   (Name) ____________________

OMR Sheet No. : ..........................................
(To be filled by the Candidate)

Roll No. | | | | | | | | |
(In figures as per admission card)

Roll No. ____________________
(In words)

**D 2 4 1 5**

# PAPER - III
# PUNJABI

Time : 2½ hours] [Maximum Marks : 150

Number of Pages in this Booklet : 16 | Number of Questions in this Booklet : 75

## Instructions for the Candidates

1. Write your roll number in the space provided on the top of this page.
2. This paper consists of seventy five multiple-choice type of questions.
3. At the commencement of examination, the question booklet will be given to you. In the first 5 minutes, you are requested to open the booklet and compulsorily examine it as below :
   (i) To have access to the Question Booklet, tear off the paper seal on the edge of this cover page. Do not accept a booklet without sticker-seal and do not accept an open booklet.
   (ii) **Tally the number of pages and number of questions in the booklet with the information printed on the cover page. Faulty booklets due to pages/questions missing or duplicate or not in serial order or any other discrepancy should be got replaced immediately by a correct booklet from the invigilator within the period of 5 minutes. Afterwards, neither the Question Booklet will be replaced nor any extra time will be given.**
   (iii) After this verification is over, the Test Booklet Number should be entered on the OMR Sheet and the OMR Sheet Number should be entered on this Test Booklet.
4. Each item has four alternative responses marked (1), (2), (3) and (4). You have to darken the circle as indicated below on the correct response against each item.
   **Example :** ① ② ● ④ where (3) is the correct response.
5. Your responses to the items are to be indicated in the **OMR Sheet given inside the Booklet only.** If you mark your response at any place other than in the circle in the OMR Sheet, it will not be evaluated.
6. Read instructions given inside carefully.
7. Rough Work is to be done in the end of this booklet.
8. If you write your Name, Roll Number, Phone Number or put any mark on any part of the OMR Sheet, except for the space allotted for the relevant entries, which may disclose your identity, or use abusive language or employ any other unfair means, such as change of response by scratching or using white fluid, you will render yourself liable to disqualification.
9. You have to return the original OMR Sheet to the invigilators at the end of the examination compulsorily and must not carry it with you outside the Examination Hall. You are however, allowed to carry original question booklet and duplicate copy of OMR Sheet on conclusion of examination.
10. **Use only Blue/Black Ball point pen.**
11. **Use of any calculator or log table etc., is prohibited.**
12. **There are no negative marks for incorrect answers.**

## परीक्षार्थियों के लिए निर्देश

1. इस पृष्ठ के ऊपर नियत स्थान पर अपना रोल नम्बर लिखिए।
2. इस प्रश्न-पत्र में पचहत्तर बहुविकल्पीय प्रश्न हैं।
3. परीक्षा प्रारम्भ होने पर, प्रश्न-पुस्तिका आपको दे दी जायेगी। पहले पाँच मिनट आपको प्रश्न-पुस्तिका खोलने तथा उसकी निम्नलिखित जाँच के लिए दिये जायेंगे, जिसकी जाँच आपको अवश्य करनी है :
   (i) प्रश्न-पुस्तिका खोलने के लिए पुस्तिका पर लगी कागज की सील को फाड़ लें। खुली हुई या बिना स्टीकर-सील की पुस्तिका स्वीकार न करें।
   (ii) **कवर पृष्ठ पर छपे निर्देशानुसार प्रश्न-पुस्तिका के पृष्ठ तथा प्रश्नों की संख्या को अच्छी तरह चैक कर लें कि ये पूरे हैं। दोषपूर्ण पुस्तिका जिनमें पृष्ठ/प्रश्न कम हों या दुबारा आ गये हों या सीरियल में न हों अर्थात किसी भी प्रकार की त्रुटिपूर्ण पुस्तिका स्वीकार न करें तथा उसी समय उसे लौटाकर उसके स्थान पर दूसरी सही प्रश्न-पुस्तिका ले लें। इसके लिए आपको पाँच मिनट दिये जायेंगे। उसके बाद न तो आपकी प्रश्न-पुस्तिका वापस ली जायेगी और न ही आपको अतिरिक्त समय दिया जायेगा।**
   (iii) इस जाँच के बाद प्रश्न-पुस्तिका का नंबर OMR पत्रक पर अंकित करें और OMR पत्रक का नंबर इस प्रश्न-पुस्तिका पर अंकित कर दें।
4. प्रत्येक प्रश्न के लिए चार उत्तर विकल्प (1), (2), (3) तथा (4) दिये गये हैं। आपको सही उत्तर के वृत्त को पेन से भरकर काला करना है जैसा कि नीचे दिखाया गया है।
   **उदाहरण :** ① ② ● ④ जबकि (3) सही उत्तर है।
5. प्रश्नों के उत्तर **केवल प्रश्न पुस्तिका के अन्दर दिये गये OMR पत्रक पर ही** अंकित करने हैं। यदि आप OMR पत्रक पर दिये गये वृत्त के अलावा किसी अन्य स्थान पर उत्तर चिन्हांकित करते हैं, तो उसका मूल्यांकन नहीं होगा।
6. अन्दर दिये गये निर्देशों को ध्यानपूर्वक पढ़ें।
7. कच्चा काम (Rough Work) इस पुस्तिका के अन्तिम पृष्ठ पर करें।
8. यदि आप OMR पत्रक पर नियत स्थान के अलावा अपना नाम, रोल नम्बर, फोन नम्बर या कोई भी ऐसा चिह्न जिससे आपकी पहचान हो सके, अंकित करते हैं अथवा अभद्र भाषा का प्रयोग करते हैं, या कोई अन्य अनुचित साधन का प्रयोग करते हैं, जैसे कि अंकित किये गये उत्तर को मिटाना या सफेद स्याही से बदलना तो परीक्षा के लिये अयोग्य घोषित किये जा सकते हैं।
9. आपको परीक्षा समाप्त होने पर मूल OMR पत्रक निरीक्षक महोदय को लौटाना आवश्यक है और परीक्षा समाप्ति के बाद उसे अपने साथ परीक्षा भवन से बाहर न लेकर जायें। हालांकि आप परीक्षा समाप्ति पर मूल प्रश्न-पुस्तिका तथा OMR पत्रक की डुप्लीकेट प्रति अपने साथ ले जा सकते हैं।
10. **केवल नीले/काले बाल प्वाईंट पेन का ही इस्तेमाल करें।**
11. **किसी भी प्रकार का संगणक (कैलकुलेटर) या लाग टेबल आदि का प्रयोग वर्जित है।**
12. **गलत उत्तरों के लिए कोई नकारात्मक अंक नहीं हैं।**



www.a2zSubjects.com

www.a2zSubjects.com

**PUNJABI**
**ਪੰਜਾਬੀ**
**PAPER – III**
**ਪ੍ਰਸ਼ਨ ਪੱਤਰ – III**

**Note :** This Paper contains **seventy five (75)** objective type questions of **two (2)** marks each. Attempt **all** questions.

ਨੋਟ : ਇਸ ਪ੍ਰਸ਼ਨ-ਪੱਤਰ ਵਿਚ **ਪੰਝੱਤਰ (75)** ਬਹੁ-ਵਿਕਲਪੀ ਪ੍ਰਸ਼ਨ ਹਨ। ਹਰੇਕ ਪ੍ਰਸ਼ਨ ਦੇ ਦੋ **(2)** ਅੰਕ ਹਨ। **ਸੱਭ** ਪ੍ਰਸ਼ਨਾਂ ਦੇ ਉੱਤਰ ਲਿਖੋ।

1. /ਙ ਤੇ ਞ/ ਦਾ ਉਚਾਰਨ ਕਿਸ ਉਪ-ਭਾਸ਼ਾ ਵਿਚ ਹੁੰਦਾ ਹੈ ?
   (1) ਪੋਠੋਹਾਰੀ (2) ਡੋਗਰੀ
   (3) ਮਾਝੀ (4) ਉਪਰੋਕਤ ਸਾਰਿਆਂ ਵਿਚ

2. 'ਹਰ ਵੇਲੇ ਉਹ ਕੰਮ ਵਿਚ ਲੱਗਾ ਰਹਿੰਦਾ' ਵਿਚ 'ਲੱਗਾ' ਕਿਹੜਾ ਕਿਰਿਆ ਸ਼ਬਦ ਹੈ ?
   (1) ਸਕਰਮਕ (2) ਕਾਲਕੀ (3) ਕਿਰਦੰਤ (4) ਸੰਚਾਲਕ

3. ਧੁਨੀ ਵਿਉਂਤ ਦਾ ਹਿੱਸਾ ਨਹੀਂ :
   (1) ਸੁਰ (2) ਬਲ (3) ਵਾਕ-ਸੁਰ (4) ਭਾਵਾਂਸ਼

4. 'ਪਿਤਾ ਨੇ ਪੁੱਤਰ ਨੂੰ ਪੜ੍ਹਾਇਆ ਲਿਖਾਇਆ' ਵਿਚ ਵਿਆਕਰਨਕ ਮੇਲ ਹੈ :
   (1) ਪਿਤਾ ਦਾ ਪੁੱਤਰ ਨਾਲ (2) ਪਿਤਾ ਦਾ ਪੜ੍ਹਾਇਆ ਨਾਲ
   (3) ਪੁੱਤਰ ਦਾ ਲਿਖਾਇਆ ਨਾਲ (4) ਕਿਸੇ ਨਾਲ ਵੀ ਨਹੀਂ

5. **(A)** ਕਥਨ : ਕਿਸੇ ਵੀ ਮੁੱਢਲੀ ਜਾਣਕਾਰੀ ਵਾਲੀ ਪੁਸਤਕ ਵਿਚ ਵਿਸ਼ਵ ਭਾਸ਼ਾ-ਪਰਿਵਾਰਾਂ ਦਾ ਮੁਕੰਮਲ ਸਰਵੇਖਣ ਅੰਕਿਤ ਕਰਨਾ ਸੰਭਵ ਨਹੀਂ ਹੁੰਦਾ ਪਰ ਇਸ ਸੰਬੰਧੀ ਵੇਰਵੇ ਦੇ ਕੇ ਸਿਧਾਂਤ ਦੀ ਸਿਰਜਣਾ ਕੀਤੀ ਜਾ ਸਕਦੀ ਹੈ।
   **(R)** ਕਾਰਨ : ਕਿਉਂਕਿ ਭਾਸ਼ਾ ਦੀ ਪਰਿਵਾਰਕ ਵੰਡ ਦਾ ਵਿਸ਼ਾ ਬਹੁਤ ਪੇਚੀਦਾ ਹੈ ਤੇ ਭਾਸ਼ਾਵਾਂ ਦੀ ਜੁਗਤ ਤੇ ਵਰਤੋਂ ਸੰਬੰਧੀ ਭਰੋਸੇਯੋਗ ਵੇਰਵੇ ਨਹੀਂ ਮਿਲਦੇ।
   ਉਪਰੋਕਤ ਵਿਚੋਂ ਕਿਹੜਾ ਸਹੀ ਹੈ ?
   (1) **(A)** ਸਹੀ ਹੈ **(R)** ਆਂਸ਼ਿਕ ਸਹੀ ਹੈ (2) **(R)** ਸਹੀ ਹੈ **(A)** ਗ਼ਲਤ ਹੈ
   (3) **(A)** ਤੇ **(R)** ਦੋਵੇਂ ਸਹੀ ਹਨ (4) **(A)** ਤੇ **(R)** ਦੋਵੇਂ ਗ਼ਲਤ ਹਨ

6. ਅਪੂਰਣ ਦੁਹਰੁਕਤੀ ਦੇ ਸ਼ਬਦ ਜੁੱਟ ਹਨ :
   (1) ਜਦੋਂ ਜਦੋਂ, ਕਦੋਂ ਕਦੋਂ, ਹੁਣੇ ਹੁਣੇ (2) ਤਦੋਂ ਤਦੋਂ, ਤੇਜ਼ ਤੇਜ਼, ਵੱਧੋ ਵੱਧ
   (3) ਨੇੜੇ ਤੇੜੇ, ਹੌਲੀ ਹੌਲੀ, ਜਿਵੇਂ ਜਿਵੇਂ (4) ਕੋਲੋ ਕੋਲੀ, ਚਾਹ ਚੂਹ, ਰੋਟੀ ਰਾਟੀ



www.a2zSubjects.com

www.a2zSubjects.com

7. ਵਾਕ ਦੀ ਬਣਤਰ ਵਿਚ 'ਕਿ' ਯੋਜਕ ਦਾ ਵਰਤੋਂ ਪੱਧਰ ਹੈ :
   (1) ਸਵਾਧੀਨ ਉਪ-ਵਾਕ ਦੀ ਬਣਤਰ ਵਿਚ
   (2) ਪਰਾਧੀਨ ਤੇ ਸਵਾਧੀਨ ਵਾਕਾਂ ਦੀ ਬਣਤਰ ਵਿਚ
   (3) ਪਰਾਧੀਨ ਉਪ-ਵਾਕਾਂ ਦੀ ਬਣਤਰ ਵਿਚ
   (4) ਸੰਯੁਕਤ ਵਾਕਾਂ ਦੀ ਬਣਤਰ ਵਿਚ

8. ਪੰਜਾਬੀ ਨਾਂਵ ਸ਼੍ਰੇਣੀ ਦੇ ਸ਼ਬਦ ਰੂਪਾਂਤਰਿਤ ਹਨ :
   (1) ਕਾਰਕ ਤੇ ਪੁਰਖ ਨਾਲ
   (2) ਵਚਨ ਤੇ ਪੁਰਖ ਨਾਲ
   (3) ਲਿੰਗ ਤੇ ਆਸਪੈਕਟ ਨਾਲ
   (4) ਕਾਲ ਤੇ ਪੁਰਖ ਨਾਲ

9. ਕਿਹੜਾ ਕਥਨ ਸਹੀ ਹੈ :
   (1) 'ਦਬਾ ਭਾਸ਼ਾ' ਵਿਚ ਦਬਾ ਦਾ ਸੰਬੰਧ ਸੁਰ-ਯੰਤਰ ਨਾਲ ਹੈ।
   (2) 'ਦਬਾ ਭਾਸ਼ਾ' ਵਿਚ ਦਬਾ ਦਾ ਸੰਬੰਧ ਫੇਫੜਿਆਂ ਨਾਲ ਹੈ
   (3) 'ਦਬਾ ਭਾਸ਼ਾ' ਵਿਚ ਦਬਾ ਦਾ ਸੰਬੰਧ ਸੁਆਸਧਾਰਾ ਨਾਲ ਹੈ
   (4) 'ਦਬਾ ਭਾਸ਼ਾ' ਵਿਚ ਦਬਾ ਦਾ ਸੰਬੰਧ ਫੇਫੜੇ ਤੇ ਸੁਆਸਧਾਰਾ ਨਾਲ ਹੈ

10. ਲੋਕ ਨਾਟ ਰੂਪਾਂ ਦੀਆਂ ਵੰਨਗੀਆਂ ਦਾ ਸਹੀ ਜੁੱਟ ਹੈ :
   (1) ਪੁਤਲੀ ਨਾਟ, ਪੁਰਾਵੰਜੀ, ਆਂਗਿਕ, ਆਂਚਲਿਕ
   (2) ਅੰਕੀਆ ਨਾਟ, ਨੌਟੰਕੀ, ਜਾਤ੍ਰਾ, ਭਵਾਈ
   (3) ਤਮਾਸ਼ਾ, ਲੀਲਾ ਨਾਟ, ਅੰਕਯ ਨਾਟ, ਆਕਾਸ਼ੀਪਟ
   (4) ਨਕਲਾਂ, ਯਕਸ਼ਗਾਣ, ਛਾਓ, ਐਪਿਕ

11. ਮੌਤ ਨਾਲ ਸੰਬੰਧਿਤ ਰਸਮਾਂ ਦਾ ਸਹੀ ਕ੍ਰਮ ਹੈ :
   (1) ਦੀਵਾ ਵੱਟੀ ਕਰਨਾ, ਸਸਕਾਰ ਕਰਨਾ, ਘੜਾ ਭੰਨਣਾ, ਅਸਥੀਆਂ ਤਾਰਨਾ
   (2) ਦੇਹ ਅਸ਼ਨਾਨ, ਘੜਾ ਭੰਨਣਾ, ਫੁੱਲ ਚੁਗਣੇ, ਰਸਮ ਪਗੜੀ
   (3) ਪਿੰਡ ਦਾਨ ਕਰਨਾ, ਗਰੁੜ ਕਥਾ,.ਦਾਗ ਦੇਣਾ, ਦੀਵਾ ਜਗਾਉਣਾ
   (4) ਮੱਥਾ ਟਿਕਾਉਣਾ, ਮੰਜੇ ਤੋਂ ਲਾਹੁਣਾ, ਸਸਕਾਰ ਕਰਨਾ, ਫੁਲ ਚੁਗਣੇ

12. ਸਿਰ ਦੇ ਗਹਿਣਿਆਂ ਦਾ ਸਹੀ ਜੁੱਟ ਸਹੀ ਹੈ :
   (1) ਸੱਗੀ, ਚੌਕ, ਚੰਦ, ਟਿੱਕਾ, ਦਾਉਣੀ
   (2) ਲੋਟਣ, ਕੋਕਰੂ, ਪਿੱਪਲ ਪੱਤੀ, ਸੱਗੀ
   (3) ਮੱਛਲੀ, ਟਿੱਕਾ, ਹੰਸਲੀ, ਗੋਖੜੂ
   (4) ਕੋਕਰੂ, ਦਾਉਣੀ, ਗੋਖੜੂ, ਪਰੀਬੰਦ

13. ਤੰਤੀ ਲੋਕ ਸਾਜ਼ਾਂ ਦਾ ਸਹੀ ਜੁੱਟ ਹੈ:
   (1) ਦੋ-ਤਾਰਾ, ਬੈਂਜੋ,ਬੀਨ
   (2) ਸਾਰੰਗੀ, ਰਬਾਬ, ਬੁਗਤੂ
   (3) ਤੂੰਬਾ, ਅਲਗੋਜ਼ਾ, ਹਾਰਮੋਨੀਅਮ
   (4) ਸਿਤਾਰ, ਵਚਿਤਰ ਵੀਣਾ, ਬੰਸਰੀ



www.a2zSubjects.com

www.a2zSubjects.com

14. 'ਪੰਜਾਬੀ ਮੁਹਾਵਰਾ ਕੋਸ਼' ਦੇ ਸੰਪਾਦਕ ਹਨ :
    (1) ਕ੍ਰਿਪਾਲ ਸਿੰਘ ਤੇ ਸ਼ਮਸ਼ੇਰ ਸਿੰਘ
    (2) ਤਾਰਨ ਸਿੰਘ ਤੇ ਸਾਹਿਬ ਸਿੰਘ
    (3) ਮਹਿੰਦਰ ਸਿੰਘ ਰੰਧਾਵਾ ਤੇ ਦੇਵਿੰਦਰ ਸਤਿਆਰਥੀ
    (4) ਸੁਖਦੇਵ ਮਾਦਪੁਰੀ ਤੇ ਪਿਆਰਾ ਸਿੰਘ ਪਦਮ

15.

| | ਸੂਚੀ–I | | ਸੂਚੀ–II |
|---|---|---|---|
| (a) | ਨਿਰਜਲਾ ਇਕਾਦਸ਼ੀ | (i) | ਲੋਕ ਧਰਮ |
| (b) | ਪਿੱਪਲ ਪੂਜਾ | (ii) | ਮੇਲਾ |
| (c) | ਬਸੰਤ ਪੰਚਮੀ | (iii) | ਲੋਕ ਵਿਸ਼ਵਾਸ |
| (d) | ਹਥੌਲਾ | (iv) | ਤਿਉਹਾਰ |

ਉਪਰੋਕਤ ਦਾ ਸਹੀ ਕ੍ਰਮ ਹੈ ?

| | (a) | (b) | (c) | (d) |
|---|---|---|---|---|
| (1) | (ii) | (iv) | (iii) | (i) |
| (2) | (iii) | (i) | (iv) | (ii) |
| (3) | (iii) | (iv) | (ii) | (i) |
| (4) | (iv) | (i) | (ii) | (iii) |

16. **(A)** ਕਥਨ : ਪਰੰਪਰਕ ਮੇਲਿਆਂ ਵਿਚ ਜਰਗ ਦਾ ਮੇਲਾ ਅਤੇ ਜਗਰਾਵਾਂ ਦੀ ਰੌਸ਼ਨੀ ਦਾ ਮੇਲਾ ਆਪਣੇ ਸੰਕੋਚਵੇਂ ਸੁਭਾਅ ਕਾਰਨ ਆਧੁਨਿਕਤਾ ਨੂੰ ਆਪਣੀ ਪਰੰਪਰਾ ਤੋਂ ਦੂਰ ਰੱਖ ਰਹੇ ਹਨ।

    **(R)** ਕਾਰਨ : ਧਾਰਮਿਕ ਰੁਚੀਆਂ ਦੇ ਪ੍ਰਬਲ ਹੋਣ ਕਾਰਨ ਇਹਨਾਂ ਮੇਲਿਆਂ ਦੀ ਚੜ੍ਹਤ ਬਣੀ ਹੋਈ ਹੈ ਪਰ ਇਹਨਾਂ ਦੇ ਲੋਕਧਾਰਾਈ ਲੱਛਣ ਕਮਜ਼ੋਰ ਹੋਏ ਹਨ।

    ਉਪਰੋਕਤ ਵਿਚੋਂ ਕਿਹੜਾ ਸਹੀ ਹੈ ?
    (1) **(A)** ਸਹੀ ਹੈ **(R)** ਆਂਸ਼ਿਕ ਸਹੀ ਹੈ
    (2) **(A)** ਤੇ **(R)** ਦੋਵੇਂ ਆਂਸ਼ਿਕ ਸਹੀ ਹਨ
    (3) **(A)** ਤੇ **(R)** ਦੋਵੇਂ ਸਹੀ ਹਨ
    (4) **(A)** ਸਹੀ ਹੈ **(R)** ਗ਼ਲਤ ਹੈ

17. 'ਮਾਰਫਤ' ਤੋਂ ਭਾਵ ਹੈ :
    (1) ਰਹੱਸਵਾਦੀ ਯਾਤਰਾ ਦਾ ਮੁੱਢਲਾ ਪੜਾਅ
    (2) ਰਾਜਸੀ ਤੌਰ ਤੇ ਉਚੇਰੀ ਪਦਵੀ ਹਾਸਿਲ ਕਰਨਾ
    (3) ਉਹ ਪੜਾਅ ਜਿਥੇ ਰੂਹਾਨੀ ਇਲਮ ਦੇ ਸਾਰੇ ਦਰਵਾਜ਼ੇ ਖੁਲ੍ਹ ਜਾਂਦੇ ਹਨ
    (4) ਦੁਨਿਆਵੀ ਜੀਵਨ ਦੀ ਗ੍ਰਿਫਿਤ ਵਿਚ ਰਹਿਣਾ

18. ਸੁਲਤਾਨ ਬਾਹੂ ਦੇ ਮੁਰਸ਼ਦ ਅਤੇ ਸਿਲਸਿਲੇ ਦਾ ਨਾਮ ਹੈ :
    (1) ਬਹਾਉੱਦੀਨ ਜ਼ਕਰੀਆ--ਸੁਹਰਾਵਰਦੀ
    (2) ਹਬੀਬ ਉਲ੍ਹਾ --ਕਾਦਰੀ
    (3) ਮਖਦੂਮ ਅਲਾਉੱਦੀਨ ਅਲੀ ਅਹਿਮਦ--ਸਾਬਰੀ
    (4) ਕੁੱਤਬਦੀਨ ਬਖਤਿਆਰ ਕਾਕੀ--ਚਿਸ਼ਤੀ



www.a2zSubjects.com

www.a2zSubjects.com

19. ਹਾਫਿਜ਼ ਜਮਾਲ ਅੱਲਾਹ ਮਜ਼ਹਰ ਕਿਸ ਸੂਫੀ ਸਿਲਸਿਲੇ ਦਾ ਕਵੀ ਹੈ :

(1) ਕਾਦਰੀ (2) ਚਿਸ਼ਤੀ (3) ਸੁਹਰਾਵਰਦੀ (4) ਨਕਸ਼ਬੰਦੀ

20. ਸੀਹਰਫੀ ਕਾਵਿ ਰੂਪ ਵਿਚ ਰਚਨਾ ਕਰਨ ਵਾਲਾ ਪਹਿਲਾ ਪੰਜਾਬੀ ਸੂਫੀ ਕਵੀ ਹੈ :

(1) ਬੁਲ੍ਹੇ ਸ਼ਾਹ (2) ਹਦਾਇਤਉੱਲ੍ਹਾ (3) ਅਲੀ ਹੈਦਰ (4) ਸੁਲਤਾਨ ਬਾਹੂ

21. ਕੰਧੀ ਉਤੇ ਰੁਖੜਾ ਕਿਚਰਕੁ ਬੰਨੇ ਧੀਰ ।

ਫਰੀਦਾ ਕਚੈ ਭਾਂਡੇ ਰਖੀਐ ਕਿਚਰੁ ਤਾਈਂ ਨੀਰ ।

ਉਪਰੋਕਤ ਸ਼ਲੋਕ ਦੇ ਹਵਾਲੇ ਨਾਲ ਹੇਠ ਲਿਖਿਆਂ ਵਿਚੋਂ ਕਿਹੜਾ ਭਾਵ ਸਹੀ ਹੈ ?

(1) ਲੋਕ ਸਿਆਣਪ

(2) ਕੰਢੇ ਉਤੇ ਰੁੱਖ ਦਾ ਲਗਾਉਣਾ

(3) ਜੀਵਨ ਦੀ ਨਾਸ਼ਮਾਨਤਾ

(4) ਕੱਚੇ ਭਾਂਡੇ ਵਿਚ ਪਾਣੀ ਦਾ ਭਰਨਾ ਤੇ ਉਸਦਾ ਟੁੱਟਣਾ

22.

| | ਸੂਚੀ-I | | ਸੂਚੀ-II |
|---|---|---|---|
| (a) | ਹਮਾਉਸਤ | (i) | ਸਦੀਵਤਾ |
| (b) | ਤੌਹੀਦ | (ii) | ਸਭ ਕੁਝ ਖੁਦਾ ਹੈ |
| (c) | ਬਕਾਅ | (iii) | ਰੱਬੀ ਚਾਹਤ |
| (d) | ਤਲਬ | (iv) | ਇਕਈਸ਼ਵਰਵਾਦ |

ਉਪਰੋਕਤ ਦਾ ਸਹੀ ਕ੍ਰਮ ਹੈ ?

| | (a) | (b) | (c) | (d) |
|---|---|---|---|---|
| (1) | (ii) | (iv) | (i) | (iii) |
| (2) | (iii) | (i) | (iv) | (ii) |
| (3) | (iii) | (iv) | (ii) | (i) |
| (4) | (ii) | (iii) | (iv) | (i) |

23. **(A)** ਕਥਨ : ਸੂਫੀਮਤ ਇਕ ਪਾਸੇ ਤਾਂ ਬੁੱਧਮਤ ਨਾਲ ਮਿਲਦਾ ਜੁਲਦਾ ਹੈ ਅਤੇ ਦੂਜੇ ਪਾਸੇ ਇਸਦਾ ਸਰੂਪ ਵੇਦਾਂਤ ਮੱਤ ਵਾਲਾ ਹੈ।

**(R)** ਕਾਰਨ : ਬੋਧੀ ਭਿਖਸ਼ੂ ਦੇਸ਼-ਦੇਸ਼ਾਂਤਰਾਂ ਦਾ ਵਧੇਰੇ ਰਟਨ ਕਰਦੇ ਰਹੇ ਸਨ, ਸਿੱਟੇ ਵਜੋਂ ਉਹਨਾਂ ਦਾ ਸੂਫੀ ਮੱਤ ਉਪਰ ਵਧੇਰੇ ਪ੍ਰਭਾਵ ਪਿਆ ਅਤੇ ਨਾਲ ਹੀ ਵੇਦਾਂਤ ਦਾ ਵੀ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ ?

(1) **(A)** ਤੇ **(R)** ਦੋਵੇਂ ਗਲਤ ਹਨ (2) **(A)** ਤੇ **(R)** ਦੋਵੇਂ ਸਹੀ ਹਨ

(3) **(A)** ਸਹੀ ਹੈ **(R)** ਆਂਸ਼ਿਕ ਸਹੀ ਹੈ (4) **(A)** ਸਹੀ ਹੈ **(R)** ਗ਼ਲਤ ਹੈ



www.a2zSubjects.com

www.a2zSubjects.com

24. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਕਿਹੜੇ ਸ਼ਬਦ ਸੰਸਕ੍ਰਿਤ ਮੂਲਕ ਹਨ :
(1) ਕਾਹੇ, ਕੋਉ, ਤਉ
(2) ਅੰਜਨ, ਹਸਤ, ਕੀਰਤ
(3) ਅਉਰ, ਸੂਕਰ, ਜਾਤੁ
(4) ਖੇਲ, ਜਹਾ, ਕਉ

25. ਜਪੁ ਬਾਣੀ ਦੀ ਕਿਹੜੀ ਪਉੜੀ ਸੁਤੰਤਰ ਬਾਣੀ ਵੀ ਹੈ :
(1) ਸੋਹਿਲਾ
(2) ਸੋ ਦਰੁ
(3) ਸੋ ਪੁਰਖੁ
(4) ਸੋਲਹਾ

26. ਆਦਿ ਗ੍ਰੰਥ ਵਿਚਲੇ ਸਾਰੇ ਬਾਣੀਕਾਰਾਂ ਦੇ ਸਮਿਆਂ ਦੀ ਕਿਹੜੀ ਕਾਲ-ਅਵਧੀ ਸਹੀ ਹੈ :
(1) 1469-1675 ਈ.
(2) 1173-1604 ਈ.
(3) 1170-1604 ਈ.
(4) 1271-1708 ਈ.

27.

| | ਸੂਚੀ–I | | ਸੂਚੀ–II |
|---|---|---|---|
| (a) | ਕਰਹਲੇ | (i) | ਗੁਰੂ ਅਮਰ ਦਾਸ |
| (b) | ਬਿਰਹੜੇ | (ii) | ਗੁਰੂ ਨਾਨਕ ਦੇਵ |
| (c) | ਸਤਵਾਰਾ | (iii) | ਗੁਰੂ ਰਾਮ ਦਾਸ |
| (d) | ਕੁਚਜੀ | (iv) | ਗੁਰੂ ਅਰਜਨ ਦੇਵ |

ਉਪਰੋਕਤ ਦਾ ਸਹੀ ਕ੍ਰਮ ਹੈ ?

| | (a) | (b) | (c) | (d) |
|---|---|---|---|---|
| (1) | (iii) | (iv) | (i) | (ii) |
| (2) | (iii) | (iv) | (ii) | (i) |
| (3) | (iv) | (iii) | (i) | (ii) |
| (4) | (ii) | (iii) | (iv) | (i) |

28. ਸ੍ਰੀ ਗੁਰੂ ਗ੍ਰੰਥ ਸਾਹਿਬ ਦਰਜ ਕਿੰਨੀਆਂ ਵਾਰਾਂ ਦੇ ਸਿਰਲੇਖਾਂ ਵਿਚ ਗਾਉਣ ਦੀਆਂ ਧੁਨਾਂ ਦੇ ਆਦੇਸ਼ ਹਨ :
(1) 22
(2) 10
(3) 9
(4) 12

29. ਥਿਤੀ ਬਾਣੀ ਵਿਚ ਥਿਤੀਆਂ ਦਾ ਸਹੀ ਕ੍ਰਮ ਹੈ :
(1) ਪੰਚਮਿ, ਖਸਟਿਮ, ਸਪਤਮੀ, ਅਸਟਮੀ
(2) ਤ੍ਰਿਤਿਆ, ਤ੍ਰਉਸਦੀ, ਏਕਾਦਸੀ, ਨਉਮੀ
(3) ਤ੍ਰਿਤਿਆ, ਤ੍ਰਉਸਦੀ, ਦੁਆਦਸੀ, ਨਉਮੀ
(4) ਤ੍ਰਿਤਿਆ, ਤ੍ਰਉਸਦੀ, ਅਸਟਮੀ, ਪੰਚਮਿ

30. **(A)** ਕਥਨ : ਭਾਈ ਗੁਰਦਾਸ ਨੇ ਵਾਰ ਦੇ ਪਰੰਪਰਕ ਰੂਪਾਕਾਰ ਨੂੰ ਆਪਣੇ ਵਿਲੱਖਣ ਪ੍ਰਯੋਗ ਰਾਹੀ ਰੂਪਾਂਤਰਿਤ ਕਰਕੇ, ਇਸਨੂੰ ਸੰਸਥਾ, ਸਿਧਾਂਤ ਅਤੇ ਨੈਤਿਕ ਮੁੱਲਾਂ ਦੇ ਪ੍ਰਗਟਾਵੇ ਦਾ ਮਾਧਿਅਮ ਬਣਾ ਦਿੱਤਾ।

**(R)** ਕਾਰਨ : ਕਿਉਂਕਿ, ਹਰ ਇਕ ਰੂਪਾਕਾਰ ਲਈ ਸੰਸਥਾਗਤ ਮੁੱਲਾਂ, ਸਿਧਾਂਤ ਅਤੇ ਨੈਤਿਕਤਾ ਦਾ ਵਾਹਕ ਹੋਣਾ ਜ਼ਰੂਰੀ ਹੈ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ ?
(1) **(A)** ਸਹੀ ਹੈ **(R)** ਆਂਸ਼ਿਕ ਸਹੀ ਹੈ
(2) **(A)** ਤੇ **(R)** ਦੋਵੇਂ ਆਂਸ਼ਿਕ ਸਹੀ ਹਨ
(3) **(A)** ਸਹੀ ਹੈ ਅਤੇ **(R)** ਗ਼ਲਤ ਹੈ
(4) **(A)** ਅਤੇ **(R)** ਦੋਵੇਂ ਗ਼ਲਤ ਹਨ



www.a2zSubjects.com

www.a2zSubjects.com

31. ਭਗਤ ਬਾਣੀਕਾਰਾਂ ਦਾ ਕਿਹੜਾ ਜੁੱਟ ਸਹੀ ਨਹੀਂ ਹੈ :
(1) ਕਬੀਰ, ਰਾਮਾਨੰਦ, ਜੈ ਦੇਵ, ਸੂਰ ਦਾਸ
(2) ਸੈਣ, ਪੀਪਾ, ਭੀਖਣ, ਧੰਨਾ
(3) ਸਦਨਾ, ਬੇਣੀ, ਸੁੰਦਰ, ਮੀਰਾਂ
(4) ਪਰਮਾਨੰਦ, ਤ੍ਰੈਲੋਚਨ, ਰਵਿਦਾਸ, ਨਾਮਦੇਵ

32. ਪੂਰਵ ਨਾਨਕ ਕਾਲ ਦੇ ਭਗਤ ਕਵੀਆਂ ਦਾ ਸਹੀ ਜੁੱਟ ਹੈ :
(1) ਤ੍ਰੈਲੋਚਨ, ਧੰਨਾ, ਬੇਣੀ, ਸੁੰਦਰ
(2) ਕਬੀਰ, ਰਵਿਦਾਸ, ਭੀਖਣ, ਸੂਰਦਾਸ
(3) ਜੈ ਦੇਵ, ਨਾਮਦੇਵ, ਕਬੀਰ, ਧੰਨਾ
(4) ਰਵਿਦਾਸ, ਜੈ ਦੇਵ, ਸੁੰਦਰ, ਪਰਮਾਨੰਦ

33. ਹੇਠ ਲਿਖੇ ਕਾਵਿ-ਬੰਦ ਵਿਚ ਦਮੋਦਰ ਨੇ ਕਿਸ ਬਿੰਬ ਦੀ ਵਰਤੋਂ ਕੀਤੀ ਹੈ :
ਆਈ ਵਾ ਉਤੇ ਦੀ ਅੱਸਾਂ, ਤੁਸਾਂ ਮੁਸ਼ਕ ਨਾ ਆਇਆ
ਚੰਦ ਕੰਧਾਂ ਤੇ ਮੁਸ਼ਕ ਘਨੇਰਾ, ਵੱਸਣ ਫੁੱਲ ਗੁਲਾਬੇ
(1) ਸਪਰਸ਼ (2) ਗੰਧ (3) ਨਾਦ (4) ਦ੍ਰਿਸ਼

34. ਮਿਰਜ਼ਾ ਸਾਹਿਬਾਂ ਦਾ ਕਿੱਸਾ ਲਿਖਣ ਵਾਲੇ ਕਿੱਸਾਕਾਰਾਂ ਦਾ ਸਹੀ ਜੁੱਟ ਹੈ:
(1) ਮੁਕਬਲ - ਵਾਰਿਸ
(2) ਹਾਫਿਜ਼ ਬਰਖੁਰਦਾਰ - ਮੀਆਂ ਮੁਹੰਮਦ ਬਖਸ਼
(3) ਹਾਸ਼ਮ - ਚਿਰਾਗ਼ ਅਵਾਣ
(4) ਹਾਮਦ - ਸਦੀਕ ਲਾਲੀ

35. ਪੀਰ ਮੁਹੰਮਦ ਦੀ 'ਚੱਠਿਆਂ ਦੀ ਵਾਰ' ਦੀਆਂ ਘਟਨਾਵਾਂ ਦੇ ਕੇਂਦਰੀ ਪਾਤਰ ਹਨ :
(1) ਰਣਜੀਤ ਸਿੰਘ, ਬਘੇਲ ਸਿੰਘ
(2) ਜੱਸਾ ਸਿੰਘ ਆਹਲੂਵਾਲੀਆ, ਦਲੀਪ ਸਿੰਘ
(3) ਚੜ੍ਹਤ ਸਿੰਘ, ਮਹਾਂ ਸਿੰਘ
(4) ਰਣ ਸਿੰਘ, ਆਲਾ ਸਿੰਘ

36.

| | ਸੂਚੀ–I | | ਸੂਚੀ–II |
|---|---|---|---|
| (a) | ਖਜ਼ਾਨ ਸਿੰਘ | (i) | ਬੈਂਤਾਂ ਸ਼ੇਰ ਸਿੰਘ ਦੀਆਂ |
| (b) | ਹਾਫਿਜ਼ ਬਰਖੁਰਦਾਰ | (ii) | ਜੰਗਨਾਮਾ ਦਿੱਲੀ |
| (c) | ਕਵੀ ਨਿਹਾਲ ਸਿੰਘ | (iii) | ਜੰਗ ਬਦਰ |
| (d) | ਅਹਿਮਦਯਾਰ | (iv) | ਜੰਗਨਾਮਾ ਇਮਾਮ ਹੁਸੈਨ |

ਉਪਰੋਕਤ ਦਾ ਸਹੀ ਕ੍ਰਮ ਹੈ ?

| | (a) | (b) | (c) | (d) |
|---|---|---|---|---|
| (1) | (iii) | (iv) | (i) | (ii) |
| (2) | (ii) | (iv) | (i) | (iii) |
| (3) | (iii) | (i) | (iv) | (ii) |
| (4) | (iii) | (i) | (ii) | (iv) |



www.a2zSubjects.com

www.a2zSubjects.com

37. ਦਮੋਦਰ ਅਨੁਸਾਰ ਹੀਰ ਰਾਂਝੇ ਦਾ ਮਿਲਾਪ ਕਿਸ ਸਾਲ ਹੋਇਆ:

(1) 1530 ਸੰਮਤ ਬਿਕਰਮੀ (2) 1601 ਸੰਮਤ ਬਿਕਰਮੀ

(3) 1569 ਸੰਮਤ ਬਿਕਰਮੀ (4) 1512 ਸੰਮਤ ਬਿਕਰਮੀ

38. ਨਜਾਬਤ ਦੀ ਵਾਰ ਵਿਚ ਕਿਹੜੀਆਂ ਦੋ ਧਿਰਾਂ ਦਰਮਿਆਨ ਯੁੱਧ ਹੋਇਆ :

(1) ਨਾਦਰਸ਼ਾਹ ਜ਼ਕਰੀਆ ਖਾਂ (2) ਨਾਦਰਸ਼ਾਹ ਮੁਹੰਮਦ ਸ਼ਾਹ

(3) ਮੁਹੰਮਦ ਸ਼ਾਹ ਨਿਜਾਮੁਲ ਮੁਲਕ (4) ਖਾਨ ਦੌਰਾ ਮੁਹੰਮਦ ਸ਼ਾਹ

39. ਹੇਠ ਲਿਖੇ ਕਾਵਿ-ਬੰਦ ਵਿਚ ਕਿਸ ਛੰਦ ਦੀ ਵਰਤੋਂ ਕੀਤੀ ਗਈ ਹੈ :

'ਸੱਟ ਪਈ ਜਮਧਾਣੀ,ਦਲਾਂ ਮੁਕਾਬਲਾ॥

ਘੂਮਰ ਬਰਗਸਤਾਣੀ ਦਲ ਵਿਚ ਘੱਤਿਆ'॥

(1) ਨਿਸ਼ਾਨੀ (2) ਦਵੱਈਆ (3) ਸਿਰਖੰਡੀ (4) ਬੈਂਤ

40. ਜੀਵਨੀ ਸਾਹਿਤ ਦੇ ਉਪ ਰੂਪ ਹਨ :

(1) ਸੰਸਮਰਣ, ਮੁਲਾਕਾਤਾਂ, ਨਿਬੰਧ (2) ਜੀਵਨੀ, ਸਵੈ ਜੀਵਨੀ, ਲੇਖ

(3) ਰੇਖਾ ਚਿੱਤਰ, ਮੁਲਾਕਾਤ, ਡਾਇਰੀ (4) ਮੋਨੋਗ੍ਰਾਫ, ਯਾਦਾਂ, ਪੱਤਰਕਾਰੀ

41. ਸ. ਕਪੂਰ ਸਿੰਘ ਦੀ ਨਿਬੰਧ ਰਚਨਾ ਦੇ ਮੁੱਖ ਥੀਮ ਹਨ :

(1) ਸਿੱਖ-ਧਰਮ- ਚੇਤਨਾ, ਸੂਫੀ ਚਿੰਤਨ

(2) ਭਾਰਤੀ ਤੇ ਪੰਜਾਬੀ ਸਭਿਆਚਾਰ ਤੇ ਇਤਿਹਸਕ ਚੇਤਨਾ

(3) ਬਾਲ-ਗਿਆਨ, ਗੁਰਮਤਿ ਵਿਚਾਰਧਾਰਾ

(4) ਵਿਗਿਆਨਕ ਚੇਤਨਾ, ਤਰਕ ਚੇਤਨਾ

42. ਕਿਹੜਾ ਕਥਨ ਸਹੀ ਹੈ :

(1) ਪ੍ਰਿ. ਤੇਜਾ ਸਿੰਘ ਪ੍ਰਤੀਕਾਤਮਕ ਅਤੇ ਬਲਬੀਰ ਸਿੰਘ ਦਾਰਸ਼ਨਿਕ ਸ਼ੈਲੀਕਾਰ ਹੈ।

(2) ਸੂਬਾ ਸਿੰਘ ਮਧੁਰ ਅਤੇ ਹਰਿੰਦਰ ਸਿੰਘ ਰੂਪ ਹਾਸਰਸੀ ਸ਼ੈਲੀਕਾਰ ਹਨ।

(3) ਗੁਰਬਖਸ਼ ਸਿੰਘ ਪ੍ਰੀਤਲੜੀ ਵਿਚਾਰਾਤਮਕ ਅਤੇ ਪ੍ਰੋ. ਪੂਰਨ ਸਿੰਘ ਕਾਵਿਕ ਸ਼ੈਲੀਕਾਰ ਹਨ।

(4) ਬਲਵੰਤ ਗਾਰਗੀ ਵਿਅੰਗਮਈ ਅਤੇ ਸ. ਕਪੂਰ ਸਿੰਘ ਸਰਲਤਾ ਤੇ ਸਹਿਜਤਾ ਦੇ ਸ਼ੈਲੀਕਾਰ ਹਨ।

43. ਪਾਰਸ ਭਾਗ(ਕ੍ਰਿਤ ਅੱਡਣ ਸ਼ਾਹ) ਕਿਸ ਰਚਨਾ ਦਾ ਪੰਜਾਬੀ ਅਨੁਵਾਦ ਹੈ;

(1) ਕੀਮੀਆ-ਏ-ਸਆਦਤ (2) ਅਕਸੀਰ ਹਦਾਇਤ

(3) ਦੀ ਅਲਕੈਮੀ ਆਫ ਹੈਪੀਨੈਸ (4) ਮਜ਼ਹਬ ਵ ਅਖਲਾਕ



www.a2zSubjects.com

www.a2zSubjects.com

44. ਪੰਜਾਬੀ ਜਨਮਸਾਖੀਆਂ ਦੀਆਂ ਮੁੱਖ ਕਥਾਨਕ ਰੂੜ੍ਹੀਆਂ ਹਨ :
   (1) ਸੁਮੇਰ ਪਰਬਤ, ਸਿਧਾਂ ਨਾਲ ਗੋਸਟਿ, ਪਟੀ ਲਿਖਣਾ
   (2) ਸੱਪ ਦੀ ਛਾਂ, ਖੇਤ ਹਰਾ ਹੋਣਾ, ਭੇਡੂ ਬਣਾਉਣਾ
   (3) ਕਲਿਯੁਗ ਦਾ ਪੈਰੀਂ ਪੈਣਾ, ਕਾਅਬੇ ਦਾ ਘੁੰਮਣਾ, ਅਠਸਠ ਤੀਰਥ
   (4) ਸਜਣ ਠੱਗ ਨਿਸਤਾਰਾ, ਪਹਾੜ ਰੋਕ ਲੈਣਾ, ਸੱਚਾ ਸੌਦਾ

45. **(A)** ਕਥਨ : ਆਧੁਨਿਕ ਕਾਲ ਨੂੰ ਵਾਰਤਕ ਦਾ ਯੁਗ ਕਿਹਾ ਜਾਂਦਾ ਹੈ ਕਿਉਂਕਿ ਇਸ ਦੌਰਾਨ ਕਾਵਿ ਦੇ ਮੁਕਾਬਲੇ ਤੇ ਗਦ ਦੀ ਪ੍ਰਤਿਸ਼ਠਾ ਵਿਚ ਵੱਡਾ ਵਾਧਾ ਹੋਇਆ ਹੈ।
   **(R)** ਕਾਰਨ : ਕਿਉਂਕਿ, ਆਧੁਨਿਕ ਸੰਵੇਦਨਾ ਦੇ ਪ੍ਰਗਟਾਵੇ ਲਈ ਵਾਰਤਕ ਨੂੰ ਵਧੇਰੇ ਢੁਕਵਾਂ ਤੇ ਨਿਸਚਿਤ ਮਾਧਿਅਮ ਮੰਨਿਆ ਜਾਂਦਾ ਹੈ।

   ਉਪਰੋਕਤ ਵਿਚੋਂ ਕਿਹੜਾ ਸਹੀ ਹੈ ?
   (1) **(A)** ਅਤੇ **(R)** ਦੋਵੇਂ ਸਹੀ ਹਨ
   (2) **(A)** ਤੇ **(R)** ਦੋਵੇਂ ਆਂਸ਼ਿਕ ਸਹੀ ਹਨ
   (3) **(A)** ਤੇ **(R)** ਦੋਵੇਂ ਗ਼ਲਤ ਹਨ
   (4) **(A)** ਸਹੀ ਅਤੇ **(R)** ਗਲਤ ਹੈ

46.

| | ਸੂਚੀ–I | | ਸੂਚੀ–II |
|---|---|---|---|
| (a) | ਅਲੋਪ ਹੋ ਰਹੇ ਚੇਟਕ | (i) | ਸ. ਕਪੂਰ ਸਿੰਘ |
| (b) | ਪੁੰਦ੍ਰੀਕ | (ii) | ਲਾਲ ਸਿੰਘ ਕਮਲਾ ਅਕਾਲੀ |
| (c) | ਧਰਮ ਤੇ ਸਦਾਚਾਰ | (iii) | ਸੂਬਾ ਸਿੰਘ |
| (d) | ਮੌਤ ਰਾਣੀ ਦਾ ਘੁੰਡ | (iv) | ਪ੍ਰੋ. ਸਾਹਿਬ ਸਿੰਘ |

   ਉਪਰੋਕਤ ਦਾ ਸਹੀ ਕ੍ਰਮ ਹੈ ?

| | (a) | (b) | (c) | (d) |
|---|---|---|---|---|
| (1) | (iii) | (i) | (iv) | (ii) |
| (2) | (ii) | (iii) | (iv) | (i) |
| (3) | (iii) | (iv) | (i) | (ii) |
| (4) | (ii) | (i) | (iii) | (iv) |

47. ਆਧੁਨਿਕਤਾ ਦੇ ਪਛਾਣ ਚਿੰਨ੍ਹਾਂ ਦਾ ਸਹੀ ਜੁੱਟ ਹੈ :
   (1) ਵਿਸ਼ਵਾਸ, ਪ੍ਰਗਤੀ, ਆਦਰਸ਼
   (2) ਪਰੰਪਰਾ, ਵਿਅਕਤੀਗਤ ਯੋਗਤਾ, ਗਿਆਨ
   (3) ਵਿਗਿਆਨਕ ਚੇਤਨਾ, ਵਿਅਕਤੀਵਾਦ, ਬੇਗਾਨਗੀ ਦਾ ਭਾਵ-ਪ੍ਰਬੰਧ
   (4) ਦਵੰਦਵਾਦ, ਤਰਕ, ਪਦਾਰਥਕਤਾ



www.a2zSubjects.com

www.a2zSubjects.com

**48.** ਸੂਚੀ–I ਸੂਚੀ–II

| | ਸੂਚੀ–I | | ਸੂਚੀ–II |
|---|---|---|---|
| (a) | ਮੋਹਨ ਸਿੰਘ | (i) | ਸਰਬ ਨਿਰੰਤਰਿ |
| (b) | ਪ੍ਰੀਤਮ ਸਿੰਘ ਸਫੀਰ | (ii) | ਹੁਣ ਤੋਂ ਪਹਿਲਾਂ |
| (c) | ਹਰਿਭਜਨ ਸਿੰਘ | (iii) | ਮੇਰੀ ਚੋਣਵੀਂ ਕਵਿਤਾ |
| (d) | ਦੇਵ | (iv) | ਮੇਰੀ ਕਾਵਿ ਯਾਤਰਾ |

ਉਪਰੋਕਤ ਦਾ ਸਹੀ ਕ੍ਰਮ ਹੈ ?

| | (a) | (b) | (c) | (d) |
|---|---|---|---|---|
| (1) | (i) | (iv) | (iii) | (ii) |
| (2) | (iii) | (i) | (iv) | (ii) |
| (3) | (iii) | (iv) | (i) | (ii) |
| (4) | (ii) | (i) | (iii) | (iv) |

**49.** ਗ਼ਜ਼ਲਕਾਰਾਂ ਦਾ ਇਤਿਹਾਸਕ ਕ੍ਰਮ ਹੈ :

(1) ਅਜਾਇਬ ਚਿੱਤਰਕਾਰ, ਰਣਧੀਰ ਸਿੰਘ ਚੰਦ, ਮੋਹਨ ਸਿੰਘ, ਸੁਰਜੀਤ ਪਾਤਰ

(2) ਬਾਵਾ ਬਲਵੰਤ, ਦੀਪਕ ਜੈਤੋਈ, ਪ੍ਰਕਾਸ਼ ਸਾਥੀ, ਠਾਕੁਰ ਭਾਰਤੀ

(3) ਦੀਵਾਨ ਸਿੰਘ, ਤਖਤ ਸਿੰਘ, ਸਾਧੂ ਸਿੰਘ ਹਮਦਰਦ, ਜਗਤਾਰ

(4) ਸੁਰਜੀਤ ਰਾਮਪੁਰੀ, ਈਸ਼ਵਰ ਚਿੱਤਰਕਾਰ, ਸੁਰਜੀਤ ਪਾਤਰ, ਬਾਵਾ ਬਲਵੰਤ

**50.** **(A)** ਕਥਨ : ਦੀਵਾਨ ਸਿੰਘ ਕਾਲੇਪਾਣੀ ਦੇ ਵਿਸ਼ੇ ਅਤੇ ਨਿਭਾਉ ਜੁਗਤਾਂ ਪੂਰਨ ਸਿੰਘ ਤੋਂ ਬਿਲਕੁਲ ਵੱਖਰੀਆਂ ਹਨ। ਉਹ ਸ਼ੁੱਧ ਆਧੁਨਿਕ, ਪ੍ਰਗਤੀਵਾਦੀ ਅਤੇ ਤਾਰਕਿਕ ਦ੍ਰਿਸ਼ਟੀਕੋਣ ਦਾ ਕਵੀ ਹੈ।

**(R)** ਕਾਰਨ : ਉਸਦੀ ਕਵਿਤਾ ਦੀ ਰੂਪ-ਰਚਨਾ ਖੁਲ੍ਹੀ ਹੋਣ ਦੇ ਨਾਲ ਨਾਲ ਥੀਮਿਕ ਪੱਖੋਂ ਵਿਗਠਤ ਵੀ ਹੈ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ ?

(1) **(A)** ਸਹੀ ਹੈ **(R)** ਆਂਸ਼ਿਕ ਸਹੀ ਹੈ
(2) **(A)** ਤੇ **(R)** ਦੋਵੇਂ ਆਂਸ਼ਿਕ ਸਹੀ ਹਨ
(3) **(A)** ਤੇ **(R)** ਦੋਵੇਂ ਗ਼ਲਤ ਹਨ
(4) **(A)** ਸਹੀ ਹੈ **(R)** ਗ਼ਲਤ ਹੈ

**51.** ਧਨੀ ਰਾਮ ਚਾਤ੍ਰਿਕ-ਕਾਵਿ ਦੀਆਂ ਵਿਸ਼ੇਸ਼ਤਾਵਾਂ ਦਾ ਸਹੀ ਜੁੱਟ ਹੈ :

(1) ਬੌਧਿਕਤਾ, ਬੇਪਰਵਾਹੀ, ਕਦੀਮੀ ਸਾਂਝ

(2) ਸੰਯੁਗਤ ਸਭਿਆਚਾਰ, ਕਦੀਮੀ ਸਾਂਝ, ਸੰਪ੍ਰਦਾਇਕਤਾ

(3) ਪੰਜਾਬੀ ਸਭਿਆਚਾਰਕ ਸੰਵੇਦਨਾ, ਸਮਾਜਕ ਮੁੱਲ, ਪ੍ਰਕਿਰਤਕ ਅਮੀਰੀ

(4) ਪ੍ਰਕਿਰਤਕ ਵਿਵਿਧਤਾ, ਭ੍ਰਾਤਰੀ ਭਾਵ, ਮਨੁੱਖੀ ਸੰਤਾਪ

**52.** ਕਵੀ ਤੇ ਕਾਵਿ-ਰਚਨਾ ਦਾ ਕਿਹੜਾ ਜੁੱਟ ਸਹੀ ਨਹੀਂ ਹੈ :

(1) ਭਾਈ ਵੀਰ ਸਿੰਘ - ਰਾਣਾ ਸੂਰਤ ਸਿੰਘ
(2) ਅਵਤਾਰ ਸਿੰਘ ਆਜ਼ਾਦ - ਮਹਾਂਬਲੀ
(3) ਕਿਰਪਾ ਸਾਗਰ - ਮਰਦ ਅਗੰਮੜਾ
(4) ਮੋਹਨ ਸਿੰਘ - ਨਾਨਕਾਇਣ



www.a2zSubjects.com

www.a2zSubjects.com

53. 'ਜੀਵਨ ਸੰਬੰਧੀ ਮਹਾਂ ਦ੍ਰਿਸ਼ਟੀ ਆਪ ਵੀ ਇਕ ਤਰ੍ਹਾਂ ਦਾ ਜੀਵਨ ਹੈ। ਕਿਸੇ ਵੀ ਸਾਹਿਤਕ ਕਿਰਤ ਦੀ ਵਿਹਾਰਕ ਆਲੋਚਨਾ ਲਈ ਇਸ ਬੁਨਿਆਦੀ ਅੰਤਰ ਦ੍ਰਿਸ਼ਟੀ ਨੂੰ ਨਜ਼ਰ ਵਿਚ ਰੱਖਣਾ ਜ਼ਰੂਰੀ ਹੈ'।

ਉਪਰੋਕਤ ਕਥਨ ਕਿਸ ਆਲੋਚਕ ਦਾ ਹੈ :

(1) ਆਤਮਜੀਤ ਸਿੰਘ (2) ਤਰਲੋਕ ਸਿੰਘ ਕੰਵਰ

(3) ਹਰਿਭਜਨ ਸਿੰਘ (4) ਕਿਸ਼ਨ ਸਿੰਘ

54. **(A)** ਕਥਨ : ਪੂਰਨ ਸਿੰਘ ਦੀ ਜੀਵਨ-ਜਾਚ ਤੇ ਕਾਵਿ-ਜਾਚ ਵਿਚਕਾਰ ਵਿੱਥ ਨਹੀਂ ਹੈ।ਦੋਹਾਂ ਵਿਚ ਅਵੰਡ ਤੇ ਆਮੂਹਾਰ ਵਾਸਤਵਿਕਤਾ/ਮਾਨਸਿਕਤਾ ਨੂੰ ਕੇਂਦਰੀ ਮਹੱਤਵ ਪ੍ਰਾਪਤ ਹੈ।

**(R)** ਕਾਰਨ : ਕਿਉਂਕਿ, ਕਾਵਿ ਸਿਰਜਣਾ ਵਿਚ ਜੀਵਨ-ਜਾਚ ਅਤੇ ਕਾਵਿ-ਜਾਚ ਦਾ ਇਕਸੁਰ ਹੋਣਾ ਅਨਿਵਾਰੀ ਹੈ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ ?

(1) **(A)** ਸਹੀ ਹੈ **(R)** ਆਂਸ਼ਿਕ ਸਹੀ ਹੈ (2) **(A)** ਤੇ **(R)** ਦੋਵੇਂ ਆਂਸ਼ਿਕ ਸਹੀ ਹਨ

(3) **(A)** ਤੇ **(R)** ਦੋਵੇਂ ਗ਼ਲਤ ਹਨ (4) **(A)** ਸਹੀ ਅਤੇ **(R)** ਗ਼ਲਤ ਹੈ

55. ਜੋਗਿੰਦਰ ਸਿੰਘ ਰਾਹੀ ਦੇ ਨਜ਼ਰੀਏ ਤੋਂ ਨਾਵਲ ਦੇ ਰੂਪਾਕਾਰਕ ਗੁਣ ਹਨ :

(1) ਯਥਾਰਥ ਦਾ ਸਿਰਜਣ, ਤਨਜ਼ ਅਤੇ ਵਿਡੰਬਨਾ

(2) ਲੰਮੀ ਕਥਾ, ਵਿਡੰਬਨਾ ਅਤੇ ਬਿਰਤਾਂਤ

(3) ਯਥਾਰਥ ਦਾ ਸਿਰਜਣ, ਵਿਰੋਧਾਭਾਸ ਅਤੇ ਲਘੂ ਮਨੁੱਖ

(4) ਵਿਡੰਬਨਾ, ਵਰਗ-ਸੰਘਰਸ਼ ਅਤੇ ਇਤਿਹਾਸਕ ਵਿਰੋਧ

56. ਸਮਕਾਲੀ ਪਰਵਾਸੀ ਪੰਜਾਬੀ ਨਾਵਲ ਦੀ ਪ੍ਰਮੁੱਖ ਪ੍ਰਵਿਰਤੀ ਹੈ :

(1) ਮੂਲਵਾਸ ਦੇ ਹੇਰਵੇ ਦੇ ਭਰਵੇਂ ਦ੍ਰਿਸ਼ਾਂ ਦੀ ਪੇਸ਼ਕਾਰੀ

(2) ਮੂਲਵਾਸ ਅਤੇ ਵਾਸ ਭੂਮੀ ਦੇ ਭੇਦਕ ਦ੍ਰਿਸ਼ਾਂ ਦੀ ਪੇਸ਼ਕਾਰੀ

(3) ਮੂਲਵਾਸ ਦੇ ਹਵਾਲੇ ਨਾਲ ਵਾਸ ਭੂਮੀ ਦਾ ਸਿਫ਼ਤੀ ਚਿੱਤਰਨ

(4) ਮੂਲਵਾਸ ਅਤੇ ਵਾਸ ਭੂਮੀ ਦੇ ਅੰਤਰ-ਸੰਬੰਧਾਂ ਦੀ ਪੇਸ਼ਕਾਰੀ

57.

| | **ਸੂਚੀ-I** | | **ਸੂਚੀ-II** |
|---|---|---|---|
| (a) | ਸੁਜਾਨ ਸਿੰਘ | (i) | ਯਥਾਰਥਵਾਦੀ ਚਿੱਤਰਨ |
| (b) | ਕੁਲਵੰਤ ਸਿੰਘ ਵਿਰਕ | (ii) | ਔਰਤ ਤੇ ਕਾਮਨਾ ਦੀ ਗਾਥਾ ਦਾ ਬਿਰਤਾਂਤ |
| (c) | ਅਜੀਤ ਕੌਰ | (iii) | ਔਰਤ-ਮਰਦ ਦੇ ਸੰਤੁਲਿਤ ਰਿਸ਼ਤੇ ਦੀ ਜਿਗਿਆਸਾ ਦੀ ਪੇਸ਼ਕਾਰੀ |
| (d) | ਪ੍ਰੇਮ ਪ੍ਰਕਾਸ਼ | (iv) | ਪ੍ਰਗਤੀਸ਼ੀਲ ਦ੍ਰਿਸ਼ਟੀ |

ਉਪਰੋਕਤ ਦਾ ਸਹੀ ਕ੍ਰਮ ਹੈ ?

| | **(a)** | **(b)** | **(c)** | **(d)** |
|---|---|---|---|---|
| (1) | (iv) | (i) | (iii) | (ii) |
| (2) | (iv) | (iii) | (i) | (ii) |
| (3) | (ii) | (iv) | (iii) | (i) |
| (4) | (ii) | (i) | (iii) | (iv) |



www.a2zSubjects.com

www.a2zSubjects.com

58. ਨਵੀਂ ਪੰਜਾਬੀ ਕਹਾਣੀ ਦੀਆਂ ਪ੍ਰਮੁੱਖ ਕਲਾ-ਜੁਗਤਾਂ ਹਨ :
   (1) ਹਾਸ਼ੀਆਗਤ ਮਨੁੱਖ, ਲੁਪਤ ਆਕਾਂਖਿਆਵਾਂ ਅਤੇ ਯਥਾਰਥਕ ਪੇਸ਼ਕਾਰੀ
   (2) ਬਹੁ-ਪਾਸਾਰੀ ਦ੍ਰਿਸ਼-ਸਿਰਜਣਾ, ਬਹੁ-ਪਰਤੀ ਕਥਾ ਅਤੇ ਗੁੰਝਲਦਾਰ ਬਿਰਤਾਂਤ ਦੀ ਰਚਨਾ
   (3) ਯਥਾਰਥਕਤਾ, ਬਹੁ-ਪਰਤੀ ਕਥਾ ਅਤੇ ਸੁਪਨਿਆਂ ਦੀ ਪੇਸ਼ਕਾਰੀ
   (4) ਮਹਾਨਗਰੀ ਸੰਵੇਦਨਾ, ਔਰਤ-ਮੁਖੀ ਪਹਿਚਾਨ ਅਤੇ ਨਵੇਂ ਮਨੁੱਖ ਦੀ ਪੇਸ਼ਕਾਰੀ

59. **(A)** ਕਥਨ : ਪੰਜਾਬੀ ਗਲਪ ਦੀ ਮੁੱਖ ਰਚਨਾ-ਵਿਧੀ ਵਿਕੋਲਿਤਰੀਆਂ ਘਟਨਾਵਾਂ ਦੀ ਲੜੀ ਪੇਸ਼ ਕਰਨ ਦੀ ਰਹੀ ਹੈ। ਇਕ ਦੇ ਬਾਅਦ ਦੂਜੀ, ਇਕੋ ਅਰਥ ਨੂੰ ਦ੍ਰਿੜਾਉਣ ਵਾਲੀਆਂ ਘਟਨਾਵਾਂ ਦੀ ਪੇਸ਼ਕਾਰੀ ਗਲਪ ਦੇ ਮਾਹੌਲ ਨੂੰ ਸੰਘਣਾ ਤਾਂ ਕਰ ਦਿੰਦੀ ਹੈ ਪਰ ਗਲਪ-ਬਿੰਬ ਨੂੰ ਗਹਿਰਾ ਨਹੀਂ ਕਰਦੀ।

   **(R)** ਕਾਰਨ : ਕਿਉਂਕਿ, ਸਮੁੱਚੀ ਪੰਜਾਬੀ ਗਲਪਕਾਰੀ ਵਾਸਤਵਿਕ ਦਾ ਗਲਪ-ਬਿੰਬ ਸਿਰਜਣ ਦੀ ਥਾਂ ਮਾਨਸਿਕਤਾ ਦੇ ਭਾਵ-ਮੰਡਲ ਨਾਲ ਸੰਬੰਧਿਤ ਰਹੀ ਹੈ।

   ਉਪਰੋਕਤ ਵਿਚੋਂ ਕਿਹੜਾ ਸਹੀ ਹੈ ?
   (1) **(A)** ਅਤੇ **(R)** ਦੋਵੇਂ ਸਹੀ ਹਨ
   (2) **(A)** ਸਹੀ ਹੈ ਤੇ **(R)** ਗ਼ਲਤ ਹੈ
   (3) **(A)** ਸਹੀ ਹੈ ਅਤੇ **(R)** ਆਂਸ਼ਿਕ ਸਹੀ ਹੈ
   (4) **(A)** ਆਂਸ਼ਿਕ ਸਹੀ ਹੈ **(R)** ਸਹੀ ਹੈ

60. ਸਮਕਾਲੀ ਪੰਜਾਬੀ ਕਹਾਣੀ ਆਲੋਚਨਾ ਦੀ ਮੁੱਖ ਸੀਮਾ ਹੈ :
   (1) ਪੰਜਾਬੀ ਕਹਾਣੀ ਦੇ ਰੂਪਾਕਾਰਕ ਵਿਕਾਸ ਨੂੰ ਪਛਾਨਣ ਦੀ ਘਾਟ
   (2) ਕਹਾਣੀਕਾਰਾਂ ਦੀਆਂ ਰਚਨਾਵਾਂ ਦਾ ਸਰਬਾਂਗੀ ਮੁੱਲਾਂਕਣ ਕਰਨ ਦੀ ਘਾਟ
   (3) ਕਹਾਣੀਕਾਰਾਂ ਦੀ ਕਲਾ ਦੀ ਪਛਾਣ ਕਰਨ ਦੀ ਅਸਮਰਥਾ
   (4) ਕਥਾਕਾਰੀ ਦੀ ਅੰਤਰੀਵੀ ਸੁਰ ਅਤੇ ਕਥਾ-ਦ੍ਰਿਸ਼ਾਂ ਦੀ ਵਿਲੱਖਣਤਾ ਵਿਚ ਸਾਂਝ ਸਿਰਜ ਸਕਣ ਦੀ ਅਸਮਰੱਥਾ

61. ਸਮਾਜਕ ਯਥਾਰਥ, ਮਨੋਯਥਾਰਥ ਅਤੇ ਨੈਤਿਕਤਾ ਵਿਚ ਸੰਤੁਲਨ ਸਿਰਜਣ ਵਾਲੇ ਕਹਾਣੀਕਾਰ ਹਨ :
   (1) ਸੰਤ ਸਿੰਘ ਸੇਖੋਂ, ਸੁਜਾਨ ਸਿੰਘ, ਕੁਲਵੰਤ ਸਿੰਘ ਵਿਰਕ
   (2) ਸੁਜਾਨ ਸਿੰਘ, ਨੈਰੰਗ ਸਿੰਘ, ਕੁਲਵੰਤ ਸਿੰਘ ਵਿਰਕ
   (3) ਕਰਤਾਰ ਸਿੰਘ ਦੁੱਗਲ, ਕੁਲਵੰਤ ਸਿੰਘ ਵਿਰਕ, ਸੰਤ ਸਿੰਘ ਸੇਖੋਂ
   (4) ਕੁਲਵੰਤ ਸਿੰਘ ਵਿਰਕ, ਪ੍ਰੇਮ ਪ੍ਰਕਾਸ਼, ਅਜੀਤ ਕੌਰ

62. ਨਾਵਲ ਦੀ ਰੂਪ-ਤਕਨੀਕ ਸੰਬੰਧੀ ਪੰਜਾਬੀ ਆਲੋਚਕਾਂ ਦਾ ਸਹੀ ਜੁੱਟ ਹੈ :
   (1) ਹਰਿਭਜਨ ਸਿੰਘ, ਗੁਰਚਰਨ ਸਿੰਘ
   (2) ਸ. ਸ. ਦੁਸਾਂਝ, ਤਰਲੋਕ ਸਿੰਘ ਕੰਵਰ
   (3) ਨਰਿੰਜਨ ਤਸਨੀਮ, ਸਵਿੰਦਰ ਸਿੰਘ ਉੱਪਲ
   (4) ਸੁਤਿੰਦਰ ਸਿੰਘ ਨੂਰ, ਕਿਸ਼ਨ ਸਿੰਘ



www.a2zSubjects.com

www.a2zSubjects.com

63. ਕਿਹੜਾ ਵਰਗ ਸਹੀ ਹੈ :

(1) ਮਾਰਟਿਨ ਐਸਲਿਨ, ਐਬਸਰਡ ਥੀਏਟਰ, ਢਾਂਡਾ

(2) ਬਰਤੋਲਟ ਬ੍ਰੈਖ਼ਤ, ਐਪਿਕ ਥੀਏਟਰ, ਪਰਾਈ ਕੁੱਖ

(3) ਬਰਨਾਰਡ ਸ਼ਾਅ, ਹੰਗਾਮੀ ਥੀਏਟਰ, ਧੂਣੀ ਦੀ ਅੱਗ

(4) ਵੈਗਨਰ, ਉਪੇਰਾ ਨਾਟਕ, ਸੁੰਦਰਾਂ

64.

| | ਸੂਚੀ-I | | ਸੂਚੀ-II |
|---|---|---|---|
| (a) | ਅਭਿਨੈ ਕਲਾ | (i) | ਬਲਵੰਤ ਗਾਰੀ |
| (b) | ਰੰਗਮੰਚ | (ii) | ਹਰਚਰਨ ਸਿੰਘ |
| (c) | ਪੰਜਾਬੀ ਨਾਟਕ | (iii) | ਨਵਨਿੰਦਰਾ ਬਹਿਲ ਅਤੇ ਪ੍ਰਕਾਸ਼ ਸਿਆਲ |
| (d) | ਪੰਜਾਬ ਦੀ ਨਾਟ ਪਰੰਪਰਾ | (iv) | ਗੁਰਦਿਆਲ ਸਿੰਘ ਫੁੱਲ |

ਉਪਰੋਕਤ ਦਾ ਸਹੀ ਕ੍ਰਮ ਹੈ ?

| | (a) | (b) | (c) | (d) |
|---|---|---|---|---|
| (1) | (i) | (iii) | (ii) | (iv) |
| (2) | (iii) | (iv) | (i) | (ii) |
| (3) | (iii) | (i) | (iv) | (ii) |
| (4) | (ii) | (i) | (iii) | (iv) |

65. **(A)** ਕਥਨ : ਨਾਟਕ ਕਲਾ ਇਕ ਬਹੁ-ਦਿਸ਼ਾਵੀ ਅਤੇ ਜੀਵੰਤ ਕਲਾ ਹੈ। ਇਹ ਨਾਟਕਕਾਰ ਨਾਲ ਸ਼ੁਰੂ ਹੋਕੇ ਨਿਰਦੇਸ਼ਕ ਰਾਹੀਂ ਦਰਸ਼ਕਾਂ ਤਕ ਪੁੱਜਦੀ ਹੈ।

**(R)** ਕਾਰਨ : ਕਿਉਂਕਿ, ਨਿਰਦੇਸ਼ਕ ਨਾਟਕਕਾਰ ਦੀ ਮੌਲਿਕ ਸੰਕਲਪਨਾ ਨੂੰ ਇਕ ਸਿਰਜਣਾਤਮਕ ਰੂਪ ਦੇ ਕੇ ਦਰਸ਼ਕ ਤਕ ਸੰਚਾਲਿਤ ਕਰਦਾ ਹੈ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ ?

(1) **(A)** ਗਲਤ ਹੈ **(R)** ਸਹੀ ਹੈ

(2) **(A)** ਤੇ **(R)** ਦੋਵੇਂ ਆਂਸ਼ਿਕ ਸਹੀ ਹਨ

(3) **(A)** ਤੇ **(R)** ਦੋਵੇਂ ਸਹੀ ਹਨ

(4) **(A)** ਸਹੀ ਹੈ **(R)** ਗ਼ਲਤ ਹੈ

66. ਨਾਟਕ ਲੇਖਨ ਤੋਂ ਰੰਗਮੰਚਣ ਵਲ ਆਉਣ ਵਾਲੇ ਰਚਨਾਕਾਰਾਂ ਦਾ ਸਹੀ ਜੁੱਟ ਹੈ :

(1) ਹਰਚਰਨ ਸਿੰਘ, ਚਰਨ ਦਾਸ ਸਿੱਧੂ, ਕੇਵਲ ਧਾਲੀਵਾਲ

(2) ਅਜਮੇਰ ਸਿੰਘ ਔਲਖ, ਗੁਰਸ਼ਰਨ ਸਿੰਘ, ਹਰਸਰਨ ਸਿੰਘ

(3) ਆਤਮਜੀਤ, ਹਰਚਰਨ ਸਿੰਘ, ਸੁਰਜੀਤ ਸਿੰਘ ਸੇਠੀ

(4) ਪਰਿਤੋਸ਼ ਗਾਰਗੀ, ਬਲਵੰਤ ਗਾਰਗੀ, ਸਾਹਿਬ ਸਿੰਘ



www.a2zSubjects.com

www.a2zSubjects.com

67. ਟੋਲੀ ਗੀਤ ਦੀ ਵਰਤੋਂ ਵਾਲੇ ਪੰਜਾਬੀ ਨਾਟਕਾਂ ਦਾ ਸਹੀ ਜੁੱਟ ਹੈ :

(1) ਵਾਰਿਸ, ਸੁਲਤਾਨ ਰਜ਼ੀਆ, ਮੇਰਾ ਮੁਰਸ਼ਦ ਮੋੜ ਲਿਆਓ

(2) ਬੁਝਾਰਤ, ਚੋਅ ਅਜੇ ਸੁੱਕਾ ਨਹੀਂ, ਧਮਕ ਨਿਗਾਰੇ ਦੀ

(3) ਗਗਨ ਮੈ ਥਾਲੁ, ਰਿਸ਼ਤਿਆਂ ਦਾ ਕੀ ਰੱਖੀਏ ਨਾਂ, ਬਿਮਾਰ ਸ਼ਹਿਰ

(4) ਨਿਜ਼ਾਮ ਸੱਕਾ, ਰੱਤਾ ਸਾਲੂ, ਲੰਮੇ ਸਮੇ ਦਾ ਨਰਕ

68. 'ਨਾਟਕ ਦਾ ਖੇਡਿਆ ਜਾਣਾ ਜ਼ਰੂਰੀ ਨਹੀਂ, ਕਿਉਂਕਿ ਇਹ ਪੜ੍ਹੰਦੜ ਵੀ ਹੋ ਸਕਦਾ ਹੈ'
ਇਹ ਵਿਚਾਰ ਕਿਸ ਪੰਜਾਬੀ ਵਿਦਵਾਨ ਦਾ ਹੈ ?

(1) ਹਰਚਰਨ ਸਿੰਘ (2) ਸੰਤ ਸਿੰਘ ਸੇਖੋਂ

(3) ਅਮਰੀਕ ਸਿੰਘ (4) ਆਈ. ਸੀ, ਨੰਦਾ

69. ਸੂਫੀ ਸਾਹਿਤ ਸੰਬੰਧੀ ਖੋਜਕਾਰਾਂ ਦਾ ਸਹੀ ਜੁੱਟ ਹੈ :

(1) ਗੁਲਵੰਤ ਸਿੰਘ, ਗੁਰਦੇਵ ਸਿੰਘ, ਅਤਰ ਸਿੰਘ

(2) ਸਾਧੂ ਰਾਮ ਸ਼ਾਰਦਾ, ਬਨਾਰਸੀ ਦਾਸ ਜੈਨ, ਕੁਲਬੀਰ ਸਿੰਘ ਕਾਂਗ

(3) ਸਾਧੂ ਰਾਮ ਸ਼ਾਰਦਾ, ਹਰਜਿੰਦਰ ਸਿੰਘ ਢਿੱਲੋਂ, ਲਾਜਵੰਤੀ ਰਾਮ ਕ੍ਰਿਸ਼ਨ

(4) ਮੋਹਨ ਸਿੰਘ ਦੀਵਾਨਾ, ਜੀਤ ਸਿੰਘ ਸੀਤਲ, ਤਾਰਨ ਸਿੰਘ

70. ਸਾਹਿਤਕ ਖੋਜ ਦੇ ਮੁੱਖ ਵਰਗ ਹਨ :;

(1) ਸਾਹਿਤ-ਇਤਿਹਾਸਕ, ਸਮੀਖਿਆਤਮਕ, ਸਮਾਜ-ਸ਼ਾਸਤਰੀ

(2) ਭਾਸ਼ਾਵਿਗਿਆਨਕ, ਵਿਆਖਿਆ-ਮੂਲਕ, ਸਭਿਆਚਾਰਕ

(3) ਅੰਤਰ-ਅਨੁਸ਼ਾਸਨੀ, ਤੁਲਨਾਤਮਕ, ਲੋਕਯਾਨਿਕ

(4) ਪਾਠ-ਆਲੋਚਨਾ, ਪ੍ਰਭਾਵਗ੍ਰਾਹੀ, ਤੱਥ-ਮੂਲਕ

71. ਪੈਰ-ਟਿਪਣੀਆਂ ਅੰਕਿਤ ਕਰਨ ਦੀ ਪ੍ਰਮਾਣਿਕ ਵਿਧੀ ਹੈ :

(1) ਲੇਖਕ ਦਾ ਨਾਮ, ਉਪ-ਨਾਮ, ਪੁਸਤਕ ਦਾ ਨਾਮ, ਪ੍ਰਕਾਸ਼ਨ ਵਰ੍ਹਾ, ਪ੍ਰਕਾਸ਼ਕ ਦਾ ਨਾਮ, ਪੰਨਾ

(2) ਲੇਖਕ ਦਾ ਉਪ-ਨਾਮ, ਨਾਮ, ਪੁਸਤਕ ਦਾ ਨਾਮ, ਪ੍ਰਕਾਸ਼ਨ ਸਥਾਨ, ਪ੍ਰਕਾਸ਼ਕ ਦਾ ਨਾਮ, ਪ੍ਰਕਾਸ਼ਨ ਵਰ੍ਹਾ,

(3) ਲੇਖਕ ਦਾ ਨਾਮ, ਪੁਸਤਕ ਦਾ ਨਾਮ, ਪ੍ਰਕਾਸ਼ਕ ਦਾ ਨਾਮ, ਪ੍ਰਕਾਸ਼ਨ ਸਥਾਨ, ਪ੍ਰਕਾਸ਼ਨ ਵਰ੍ਹਾ, ਪੰਨਾ

(4) ਲੇਖਕ ਦਾ ਉਪ-ਨਾਮ, ਨਾਮ, ਪੁਸਤਕ ਦਾ ਨਾਮ, ਪ੍ਰਕਾਸ਼ਕ ਦਾ ਨਾਮ, ਪ੍ਰਕਾਸ਼ਨ ਵਰ੍ਹਾ, ਪ੍ਰਕਾਸ਼ਨ ਸਥਾਨ

72. ਕਿੱਸਾ ਸਾਹਿਤ ਸੰਬੰਧੀ ਖੋਜਕਾਰਾਂ ਦਾ ਸਹੀ ਜੁੱਟ ਹੈ :

(1) ਹਰਜਿੰਦਰ ਸਿੰਘ ਢਿੱਲੋਂ, ਅਤਰ ਸਿੰਘ, ਸੁਤਿੰਦਰ ਸਿੰਘ ਨੂਰ

(2) ਦੀਵਾਨ ਸਿੰਘ, ਕਰਨੈਲ ਸਿੰਘ ਥਿੰਦ, ਕਿਸ਼ਨ ਸਿੰਘ

(3) ਜੀਤ ਸਿੰਘ ਸੀਤਲ, ਅਮਰਜੀਤ ਸਿੰਘ ਕਾਂਗ, ਹਰਨਾਮ ਸਿੰਘ ਸ਼ਾਨ

(4) ਕੁਲਬੀਰ ਸਿੰਘ ਕਾਂਗ, ਪਿਆਰ ਸਿੰਘ, ਤਰਲੋਕ ਸਿੰਘ ਕੰਵਰ



www.a2zSubjects.com

www.a2zSubjects.com

ਹੇਠਾਂ ਦਿੱਤੇ ਪੈਰੇ ਦੇ ਆਧਾਰ ਤੇ 73 ਤੋਂ 75 ਤਕ ਪ੍ਰਸ਼ਨਾਂ ਦੇ ਉੱਤਰ ਦਿਉ :

ਪੰਜਾਬੀ ਦੀਆਂ ਪੁਰਾਤਨ ਹੱਥ-ਲਿਖਤਾਂ ਸੰਯੋਗਾਤਮਕ ਲਿਖਣ-ਵਿਧੀ ਵਿਚ ਲਿਖੀਆਂ ਜਾਂਦੀਆਂ ਹਨ। ਸ਼ਬਦਾਂ ਦੀਆਂ ਸ਼ਿਰੋਰੇਖਾਵਾਂ ਨੂੰ ਇਕ ਦੂਜੇ ਨਾਲ ਜੋੜ ਕੇ ਲਿਖਿਆ ਜਾਂਦਾ ਸੀ, ਉਨ੍ਹਾਂ ਵਿਚਾਲੇ ਅੱਜ ਕਲ੍ਹ ਵਾਂਗ ਖਾਲੀ ਥਾਂ ਨਹੀਂ ਛੱਡੀ ਜਾਂਦੀ ਸੀ। ਇਹ ਸੰਯੋਗਾਤਮਕ ਸ਼ੈਲੀ ਕੇਵਲ ਪੋਥੀਆਂ ਲਿਖਣ ਤਕ ਸੀਮਤ ਨਹੀਂ ਸੀ ਸਗੋਂ ਹੁਕਮਨਾਮੇ ਅਤੇ ਹੋਰ ਦਸਤਾਵੇਜ਼ਾਂ ਵੀ ਇਸੇ ਢੰਗ ਨਾਲ ਲਿਖੀਆਂ ਮਿਲਦੀਆਂ ਹਨ। ਉਨ੍ਹੀਂ ਸਦੀ ਦੇ ਅੰਤ ਇਹ ਵਿਧੀ ਅਪਣਾਈ ਜਾਂਦੀ ਰਹੀ ਹੈ। ਇਥੋਂ ਤਕ ਕਿ 1867 ਈ. ਛਪਿਆ ਪਹਿਲਾ ਪੰਜਾਬੀ (ਗੁਰਮੁਖੀ) ਅਖ਼ਬਾਰ 'ਸ੍ਰੀ ਦਰਬਾਰ ਸਾਹਿਬ' ਅਤੇ ਉਸ ਤੋਂ ਨਿਕਟ ਬਾਦ ਛਪਣ ਵਾਲੇ ਸਮਾਚਾਰ ਪੱਤਰ ਇਸੇ ਵਿਧੀ ਨਾਲ ਲਿਖੇ ਪੱਥਰ-ਛਾਪ ਵਿਚ ਛਪਦੇ ਸਨ। ਇਸ ਲਈ ਸੱਭ ਤੋਂ ਪਹਿਲਾਂ ਪਾਠ ਦਾ ਪਦਛੇਦ ਕਰਨਾ ਜ਼ਰੂਰੀ ਹੈ। ਇਸ ਲਈ ਅਭਿਆਸ ਅਤੇ ਸੂਝ ਦੋਹਾਂ ਦੀ ਲੋੜ ਹੈ, ਨਹੀਂ ਤਾਂ ਅਗਲਾ ਅੱਖਰ ਪਿਛੇ ਅਤੇ ਪਿਛਲਾ ਅੱਗੇ ਲੱਗ ਜਾਣ ਨਾਲ ਅਰਥਾਂ ਦਾ ਅਨਰਥ ਹੋ ਸਕਦਾ ਹੈ।

73. ਸੰਯੋਗਾਤਮਕ ਲਿਖਣ ਵਿਧੀ ਦਾ ਮੁੱਖ ਲੱਛਣ ਕਿਹੜਾ ਹੈ :
   (1) ਇਹ ਪੁਰਾਤਨ ਪੋਥੀਆਂ ਨੂੰ ਲਿਖਣ ਦੇ ਕੰਮ ਆਉਂਦੀ ਸੀ
   (2) ਇਸ ਵਿਚ ਸੰਯੁਕਤ ਵਾਕਾਂ ਦੀ ਵਰਤੋਂ ਕੀਤੀ ਜਾਂਦੀ ਸੀ
   (3) ਸ਼ਬਦਾਂ ਦੀਆਂ ਸ਼ਿਰੋਰੇਖਾਵਾਂ ਨੂੰ ਇਕ ਦੂਜੇ ਨਾਲ ਜੋੜ ਕੇ ਲਿਖਿਆ ਜਾਂਦਾ ਸੀ
   (4) ਇਸ ਵਿਧੀ ਨੂੰ ਪਦਛੇਦ ਦੀ ਜੁਗਤ ਨਾਲ ਵੀ ਲਿਖਿਆ ਜਾਂਦਾ ਸੀ

74. ਪੁਰਾਤਨ ਹੱਥ-ਲਿਖਤਾਂ ਦੀ ਲਿਖਣ ਵਿਧੀ ਕਦੋਂ ਤਕ ਪ੍ਰਚੱਲਤ ਰਹੀ :
   (1) ਪੁਰਾਤਨ ਹੱਥ-ਲਿਖਤਾਂ ਦੀ ਨਕਲ ਤਿਆਰ ਕਰਨ ਤਕ
   (2) 'ਸ੍ਰੀ ਦਰਬਾਰ ਸਾਹਿਬ' ਅਖ਼ਬਾਰ ਦੇ ਛਪਣ ਤਕ
   (3) ਪੱਥਰ-ਛਾਪ ਨਾਲ ਛਪਣ ਵਾਲੀਆਂ ਹੱਥ-ਲਿਖਤਾਂ ਤਕ
   (4) ਹੱਥ-ਲਿਖਤਾਂ ਨੂੰ ਸੁੰਦਰ ਲਿਖਾਈ ਨਾਲ ਲਿਖਣ ਦੀ ਰਵਾਇਤ ਤਕ

75. ਪੁਰਾਤਨ ਹੱਥ-ਲਿਖਤਾਂ ਦੇ ਨਵੇਂ ਪਾਠ ਤਿਆਰ ਕਰਨ ਲਈ ਕੀ ਜ਼ਰੂਰੀ ਹੈ ?
   (1) ਪਾਠ ਦਾ ਪਦਛੇਦ ਕਰਨਾ
   (2) ਨਵੀਂ ਸੰਯੋਗਾਤਮਕ ਲਿਖਣ ਵਿਧੀ ਤਿਆਰ ਕਰਨਾ
   (3) ਪੁਰਾਤਨ ਹੱਥ-ਲਿਖਤਾਂ ਦੀ ਪਠਨ-ਵਿਧੀ ਅੰਕਿਤ ਕਰਨਾ
   (4) ਹੱਥ-ਲਿਖਤਾਂ ਦੀ ਪਰੰਪਰਕ ਵਿਧੀ ਨਾਲ ਪਾਠ ਤਿਆਰ ਕਰਨਾ

-oOo-



www.a2zSubjects.com

www.a2zSubjects.com

**Space For Rough Work**



www.a2zSubjects.com